# ਫਾਰਮਰ



ਰੌਨੀ ਰਨਵੀਰ

# FARMER

BY

RONNI RANVEER

@RONNI RANVEER    ALL RIGHTS RESERVED

## ਜਾਣ - ਪਛਾਣ

ਇਹ ਕਹਾਣੀ ਚੱਲ ਰਹੇ ਅੱਜ ਦੇ ਕਿਸਾਨ ਅੰਦੋਲਨ ਨੂੰ ਦੇਖਕੇ ਲਿਖੀ ਗਈ ਹੈ । ਅੰਦੋਲਨ ਵਿੱਚ ਕਿਸ ਤਰ੍ਹਾਂ ਇੱਕ ਗਰੀਬ ਕਿਸਾਨ ਧਰਨੇ ਦਾ ਹਿੱਸਾ ਬਣਿਆ । ਕਿਸਾਨ ਦੇ ਘਰਵਾਲ਼ੀ ਉਹਦੀ ਕਿਸ ਤਰਾਂ ਉਡੀਕ ਕਰਦੀ ਰਹੀ । ਕਿਸਾਨਾਂ ਦੇ ਅੰਦਲੋਨ ਦੇ ਨਾਲ - ਨਾਲ ਧਰਨੇ ਵਿੱਚ ਸਭ ਜ਼ਾਤਾਂ ਦਾ ਇਕੱਠ ਵੀ ਦੇਖਿਆ ਗਿਆ । ਇਹ ਹੀ ਨਹੀਂ ਸਗੋਂ ਛੋਟੀਆ ਉਮਰਾਂ ਵਾਲੇ ਬੱਚਿਆਂ ਦਾ ਵੀ ਜਜਬਾ ਦੇਖਣ ਨੂੰ ਮਿਲਿਆ । ਇਸ ਇਕੱਠ ਨੂੰ ਅਤੇ ਇੱਕ ਦੂਸਰੀ ਦੀ ਮਦਦ ਲਈ ਆਏ ਲੋਕਾਂ ਨੂੰ ਦੇਖਕੇ ਕਿਤੇ ਮੈਂ ਇਹ ਵੀ ਬਿਆਨ ਕੀਤਾ ਹੈ ਕਿ ਸਾਡੇ ਲੋਕਾਂ ਵਿੱਚ ਸਬਰ ਤੇ ਇੱਕ ਦੂਸਰੇ ਲਈ ਪਿਆਰ ਵੀ ਬਹੁਤ ਹੈ । ਅੱਜ ਦੀਆਂ ਗੰਦੀਆਂ ਸਰਕਾਰਾਂ ਹੀ ਸਾਡਾ ਸਿਸਟਮ ਖਰਾਬ ਕਰ ਚੁੱਕੀਆਂ ਹਨ । ਕਹਾਣੀ ਵਿੱਚ ਅੱਜ ਦੀ ਸਚਾਈ ਹੈ । ਉਮੀਦ ਹੈ ਸਭ ਨੂੰ ਪਸੰਦ ਆਵੇਗੀ ।

ਕਈ ਦਿਨ ਤੋਂ ਮੋਦੀ ਦੀ ਚਰਚਾ ਚੱਲ ਰਹਿ ਸੀ ਕਿ ਉਸਨੇ ਕਾਲੇ ਕਾਨੂੰਨ ਬਣਾਕੇ ਕਿਸਾਨਾਂ ਲਈ ਕਾਲੇ ਬਿੱਲਾ ਦਾ ਐਲਾਨ ਕਰ ਦਿੱਤਾ ਹੈ । ਪਰ ਕਿਸਾਨ , ਆਮ ਲੋਕ , ਆੜਤੀਏ , ਛੋਟੇ ਦੁਕਾਨਦਾਰ ਸਭ ਇਸਦੇ ਖਿਲਾਫ ਸੀ । ਲੋਕਾਂ ਨੂੰ ਹੋਲੀ - ਹੋਲੀ ਮੋਦੀ ਦੇ ਕਾਲੇ ਕਾਰਨਾਮਿਆਂ ਦਾ ਪਤਾ ਚੱਲਦਾ ਜਾ ਰਿਹਾ ਸੀ । ਕਿਸਾਨ ਆਪਣੇ ਹੱਕ ਲੈਣ ਲਈ ਹਰ ਮੁਸਕਿਲ ਨਾਲ ਲੜਨਾ ਲਈ ਤਿਆਰ ਸੀ । ਆਮ ਜਨਤਾ ਨੂੰ ਵੀ ਜਦੋਂ ਹੋਲੀ ਹੋਲੀ ਪਤਾ ਲੱਗਣ ਲੱਗਾ ਕਿ ਇਹ ਬਿੱਲ ਸਭ ਲਈ ਖਤਰਨਾਕ ਨੇ , ਤਾਂ ਆਮ ਲੋਕਾਂ ਨੇ ਵੀ ਕਿਸਾਨਾਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ

। ਹੋਲੀ - ਹੋਲੀ ਕਿਸਾਨ ਜਥੇਬੰਦੀਆਂ ਬਣਨ ਲੱਗੀਆਂ । ਹਰ ਇੱਕ ਨੂੰ ਜਾਗਰੂਕ ਕਰਨ ਲਈ ਕਿਸਾਨਾਂ ਨੇ ਕੱਠ ਕਰਕੇ ਲੋਕਾਂ ਨੂੰ ਸਪੀਚਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ । ਤਾਂ ਜੋ ਆਮ ਲੋਕਾਂ , ਦੁਕਾਨਦਾਰਾ , ਬਿਜਨਸਮੈਨਾ ਨੂੰ ਪਤਾ ਚੱਲ ਸਕੇ ਇਹ ਕਾਲੇ ਕਾਨੂੰਨ ਦਾ ਸਭ ਤੇ ਕੀ ਮਾੜਾ ਅਸਰ ਹੋਣਾ ਏ । ਹਰ ਬੰਦਾ ਇਸ ਮੋਰਚੇ ਦਾ ਸਾਥ ਦੇਣ ਲੱਗਾ । ਸਾਡੇ ਪਿੰਡ ਵੀ ਐਤਵਾਰ ਨੂੰ ਪੰਚਾਇਤ ਘਰ ਵਿੱਚ ਸਭ ਪਿੰਡ ਵਾਲਿਆਂ ਨੂੰ ਬੁਲਾਇਆ ਗਿਆ ਤੇ ਧਰਨੇ ਵਿੱਚ ਜਾਣ ਦੀ ਗੱਲ ਕਹੀ ਗਈ । ਕੱਲ ਨੂੰ ਕਿਸਾਨਾਂ ਵੱਲੋਂ ਸ਼ੰਭੂ ਬਾਰਡਰ ਤੇ ਧਰਨਾ ਲਾਇਆ ਜਾਣਾ ਸੀ । ਉਥੇ ਵੀ ਕਿਸਾਨ ਜੱਥੇਬੰਦੀਆਂ ਵੱਲੋਂ ਵੱਧ ਤੋਂ ਵੱਧ ਕਿਸਾਨਾਂ ਨੂੰ ਸੱਦਾ ਦਿੱਤਾ ਗਿਆ ਸੀ । ਮੈਂ ਟੈਲੀਵੀਜਨ ਤੇ ਵੇਖ ਰਿਹਾ ਸੀ । ਹਰਿਆਣਾ ,ਯੂਪੀ , ਏਥੇ ਰਹਿੰਦੇ ਬਿਹਾਰ ਦੇ ਮਜ਼ਦੂਰ , ਸਭ ਜ਼ਾਤਾਂ ਦੇ ਲੋਕ ਸ਼ੰਭੂ ਬਾਡਰ ਤੇ ਧਰਨੇ ਲਾਉਣ ਪਹੁੰਚ ਰਹੇ ਸੀ ।

ਹਰਿਆਣਾ ਵੀ ਇਸ ਧਰਨਿਆ ਤੇ ਪੂਰਾ ਜ਼ੋਰ ਦਿਖਾ ਰਿਹਾ ਸੀ ।

ਜਦੋਂ ਇਹ ਪਤਾ ਲੱਗਾ ਰੋੜ ਜਾਮ , ਸ਼ਹਿਰ ਜਾਮ ਮੋਦੀ ਦੀ ਅੜੀ ਅੱਗੇ ਛੋਟੇ ਪੈ ਰਹੇ ਨੇ ਤਾਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਕੂਚ ਕਰਨ ਲਈ ਕਿਹਾ । ਸਾਡੇ ਪਿੰਡ ਵੀ ਅੱਜ ਗੱਲ ਹੋ ਰਹੀ ਸੀ ਪੰਚਾਇਤ ਵਿੱਚ ਆਪਣਾ ਪਿੰਡ ਵੀ ਦਿੱਲੀ ਧਰਨੇ ਲਈ ਕੂਚ ਕਰੇਗਾ । ਸਾਡੇ ਪਿੰਡ ਦਾ ਸਰਪੰਚ ਵੀ ਸਾਮੀ ਸਾਡੇ ਪਿੰਡ ਵਾਲੇ ਪਾਠੀ ਨੂੰ ਦੱਸ ਆਇਆ ਜਾ ਕੇ ਕੱਲ ਸਵੇਰੇ ਧਰਨੇ ਲਈ ਲੋਸਮੈਂਟ ਕਰੇ । ਪਿੰਡ ਤੋ ਜਾਣ ਵਾਲੀਆਂ ਟਰਾਲੀਆਂ ਅੱਜ ਹੀ ਤੈਅ ਕਰ ਦਿੱਤੀਆਂ ਗਈਆਂ ਸੀ । ਜਿਸ ਜਿਸ ਨੇ ਕੱਲ ਦਿੱਲੀ ਧਰਨੇ ਲਈ ਜਾਣਾ ਸੀ ਉਹਨਾਂ ਨੇ ਹਾ ਕਰ ਦਿੱਤੀ ਸੀ । ਮੇਰੇ ਬਾਪੂ ਹੋਰਾ ਨੇ ਵੀ ਹਾਮੀ ਭਰ ਦਿੱਤੀ ਸੀ ਕਿ ਅਸੀਂ ਵੀ ਕੱਲ ਦਿੱਲੀ ਧਰਨੇ ਨੂੰ ਜਾਣ ਲਈ ਤਿਆਰ ਹਾ ਘਰ ਆ ਕੇ ਬਾਪੂ ਨੇ ਬੇਬੇ ਨੂੰ ਦੱਸਿਆ ਭਾਈ ਅਸੀਂ ਕੱਲ ਦਿੱਲੀ ਧਰਨੇ ਨੂੰ ਜਾਣਾ ਹੈ । ਮੇਰੇ ਕੱਪੜੇ ਲੀੜੇ ਕੱਢ ਕੇ ਬਾਹਰ ਰੱਖ ਦਵੀਂ ।

ਇਹ ਗੱਲ ਕਹਿ ਕੇ ਬਾਪੂ ਰੋਟੀ ਪਾਣੀ ਛੱਕ ਕੇ ਸਾਰੇ ਦਿਨ ਦਾ ਥੱਕਿਆ ਸੀ ਵਰਾਂਡੇ ਚ ਆਪਦੀ ਮੰਜੀ ਚੱਕ ਕੇ ਸੋ ਗਿਆ ।

ਸਵੇਰੇ ਛੇ ਕੁ ਵਜੇ ਪਿੰਡ ਦੇ ਗੁਰੂ ਘਰ ਦੇ ਸਪੀਕਰ ਵਿੱਚ ਬਾਬਾ ਜੀ ਆਵਾਜ਼ ਦੇ ਰਹੇ ਸਨ । ਅੱਜ ਨੌ ਵਜੇ ਪਿੰਡ ਤੋ ਦੋ ਟਰਾਲੀਆਂ ਦਿੱਲੀ ਧਰਨੇ ਲਈ ਜਾਣੀਆਂ ਹਨ । ਭਾਈ ਜਿਹਨਾਂ ਨੇ ਜਾਣ ਲਈ ਕੱਲ ਹਾਮੀ ਭਰੀ ਸੀ । ਉਹ ਆਪਣੀ ਤਿਆਰੀ ਕਰਕੇ ਕੱਪੜਾ ਲੀੜਾ ਲੈ ਕੇ ਟਾਈਮ ਤੇ ਪਹੁੰਚ ਜਾਵੇ । ਬਾਪੂ ਉਠਕੇ ਨਹਾਉਣ ਲਈ ਗਰਮ ਪਾਣੀ ਲਾਕੇ ਮੇਰੀ ਮੰਜੀ ਤੇ ਆ ਕੇ ਬਹਿ ਗਿਆ ਤੇ ਬੇਬੇ ਨੂੰ ਕਹਿਣ ਲੱਗਾ ਮੇਰੇ ਗਰਮ ਲੀੜੇ ਤੇ ਇੱਕ ਦੋ ਲੋਈਆ ਕੱਢਕੇ ਮੇਰੇ ਝੋਲੇ ਚ ਪਾ ਦਵੀਂ । ਮੈਨੂੰ ਦਿੱਲੀ ਧਰਨੇ ਤੇ ਕਈ ਦਿਨ ਲੱਗ ਜਾਣਗੇ । ਬੇਬੇ ਨੇ ਬਾਪੂ ਦੇ ਲੀੜੇ ਕੱਢਕੇ ਰੇਹ ਦੇ ਥੇਲੇ ਤੋਂ ਬਣੇ ਇੱਕ ਝੋਲੇ ਵਿੱਚ ਪਾ ਦਿੱਤੇ ਤੇ ਦੂਜੇ ਝੋਲੇ ਵਿੱਚ ਦੋ ਲੋਈਆ ਪਾ ਦਿੱਤੀਆਂ । ਮੈਂ ਵੀ ਉਠਕੇ ਚਾਹ ਪੀ ਕੇ ਸਾਇਕਲ ਤੇ ਖੇਤ ਨੂੰ ਚਲਾ ਗਿਆ ।

ਠੰਡ ਦਾ ਟਾਈਮ ਸੀ ਮੈਨੂੰ ਪੱਠੇ ਵੱਢਦਿਆਂ ਪੂਰਾ ਡੇਢ ਘੰਟਾ ਲੱਗ ਗਿਆ ਖੇਤ ਤੋਂ ਵਾਪਸ ਆਉਂਦਿਆਂ ਰਾਹ ਵਿੱਚ ਪਿੰਡ ਵਾਲਾ ਧੰਨਾ ਤਾਇਆ ਮਿਲ ਗਿਆ ਤੇ ਮੈਨੂੰ ਵੇਖਕੇ ਪੁੱਛਣ ਲੱਗ ਪਿਆ ਤੇਰਾ ਬਾਪੂ ਵੀ ਚੱਲਿਆ ਫੇਰ ਦਿੱਲੀ ? ਮੈਂ ਕਾਹਲੀ ਵਿੱਚ ਹਾਂ ਦਾ ਜਵਾਬ ਦੇ ਕੇ ਘਰ ਵੱਲ ਨੂੰ ਤੁਰ ਪਿਆ । ਪਿੰਡ ਨੂੰ ਜਾਂਦਿਆ ਬਾਹਰ ਫਿਰਨੀ ਤੇ ਮੇਰਾ

ਮਿੱਤਰ ਕਰਮਾਂ ਮਿਲ ਗਿਆ ਉਹ ਵੀ ਮੈਨੂੰ ਪੁੱਛਣ ਲੱਗ ਪਿਆ ਦਿੱਲੀ ਤੂੰ ਜਾ ਰਿਹਾ ਜਾ ਫੇਰ ਤੇਰਾ ਬਾਪੂ ' ਨਹੀਂ ਮੈਂ ਤੇ ਨਹੀਂ ਮੇਰਾ ਬਾਪੂ ਚੱਲਿਆ ' ਤੇ ਤੂੰ ਦੱਸ ਤੂੰ ਜਾ ਰਿਹਾ ਏ ? ਉਹ ਅੱਗੋਂ ਨਹੀਂ ਬਾਈ ਮੈਂ ਤੇ ਮੇਰਾ ਬਾਪੂ ਅਸੀਂ ਦੋਵੇਂ ਨਹੀਂ ਜਾ ਰਹੇ ਮੇਰਾ ਬਾਪੂ ਬਿਮਾਰ ਹੈ ਮੈਂ ਥੋੜੇ ਦਿਨ ਬਾਆਦ ਜਾਵਾਂਗਾ । ਮੈਂ ਕਰਮੇਂ ਨੂੰ ਚੱਲ ਮੈਂ ਚੱਲਦਾ ਫੇਰ ਬਾਪੂ ਨੇ ਵੀ ਜਾਣਾ ਹੈ ਕਹਿ ਕੇ ਤੁਰ ਪਿਆ । ਮੈਂ ਖੇਤੋ ਪੱਠਿਆਂ

ਦੀ ਪੰਡ ਲੈ ਕੇ ਘਰ ਆਇਆ ਤੇ ਮੱਝਾਂ ਵਾਲੇ ਪਾਸੇ ਲੱਗੇ ਟੋਕੇ ਕੋਲ   ਪਹੁੰਚਿਆ ਐਨੇ ਨੂੰ ਬੇਬੇ ਨੇ ਆਵਾਜ਼ ਮਾਰੀ । ਪੁੱਤ ਭੱਜਕੇ ਆਈ ਜ਼ਰਾ ਤੇਰਾ ਬਾਪੂ ਘਰ ਲੋਈਆ ਵਾਲਾ ਝੋਲਾ ਛੱਡ ਗਿਆ । ਉਹਨੂੰ ਦੇ ਆ ਜਾਕੇ ਮੈਂ ਸਾਇਕਲ ਦੇ ਮੂਹਰਲੇ ਹੈਂਡਲ ਨਾਲ ਝੋਲਾ ਟੰਗਿਆ ਤੇ ਤੁਰ ਪਿਆ ਪਿੰਡ ਦੇ ਬਾਹਰ ਟੋਭੇ ਕੋਲ ਟਰੈਕਟਰ ਟਰਾਲੀ ਖੜੇ ਸੀ । ਬਾਪੂ ਟਰਾਲੀ ਚ ਪਰਾਲੀ ਦੀ ਪੰਡ ਤੇ ਇੱਕ ਪਾਸੇ ਬੈਠਾ ਸੀ ਮੈਂ ਬਾਪੂ ਨੂੰ ਅਵਾਜ਼ ਮਾਰੀ ਬਾਪੂ ਤੇਰਾ ਲੋਈਆ ਵਾਲਾ ਝੋਲਾ ਰਹਿ ਗਿਆ ਸੀ ਘਰ, ਅੱਗੋਂ ਬਾਪੂ ਨੇ ਕਿਹਾ ਚੰਗਾ ਪੁੱਤ ਫੜਾ ਦੇ ਨਾਲੇ ਤੂੰ ਆਪਣਾ ਨਿੱਕੀ ਦਾ ਤੇ ਬੇਬੇ ਦਾ ਧਿਆਨ ਰੱਖੀ ਘਰ ਹੀ ਰਹੀ ਜਦੋ ਤੱਕ ਮੈਂ ਆਉਂਦਾ ਨਹੀਂ ।

ਮੈਂ ਹਾਜੀ ਕਹਿ ਕੇ ਬਾਪੂ ਦੇ ਭੋਲੇ ਜਹੇ ਚੇਹਰੇ ਵੱਲ ਵੇਖਦਾ ਪੁੱਠਾ ਘਰ ਨੂੰ ਮੁੜ ਆਇਆ ।

ਜਾਂਦਿਆਂ ਨੂੰ ਬੇਬੇ ਨੇ ਕਿਹਾ ਲੈ ਪੁੱਤ ਚਾਹ ਪੀਲਾ ਠੰਢ ਚ ਖੇਤੋ ਪੱਠੇ ਵੱਢਕੇ ਆਇਆ ਸੀ ਆਉਂਦਿਆਂ ਨੂੰ ਹੀ ਤੈਨੂੰ ਤੇਰੇ ਬਾਪੂ ਮਗਰੇ ਤੋਰ ਦਿੱਤਾ ।

ਮੈਂ ਚਾਹ ਪੀਕੇ ਪੱਠੇ ਕੁਤਰੇ ਤੇ ਮੱਝਾਂ ਨੂੰ ਬਾਹਰ ਧੁੱਪੇ ਕੱਢਕੇ ਪਾ ਦਿੱਤੇ ਅਤੇ ਡੰਗਰਾਂ ਵਾਲੇ ਬਰਾਡੇ ਵਿੱਚੋਂਚ ਗੋਹਾ ਕੱਢਕੇ ਵੇਹਲਾ ਹੋਇਆ ਤੇ ਬੇਬੇ ਨੇ ਫੇਰ ਆਵਾਜ਼ ਮਾਰਕੇ  ਕਿਹਾ ਪੁੱਤ ਨਹਾ ਧੋ ਕੇ ਰੋਟੀ ਖਾ ਕੇ ਸ਼ਹਿਰੋ ਮੇਰੀਆ ਚੱਪਲਾਂ ਤੇ ਆਪਦੀ ਭੈਣ ਨਿੱਕੀ ਨੂੰ ਕਿਤਾਬ ਲਿਆਂਦੀ ਵਿਚਾਰੀ ਕੱਲ ਵੀ ਕਹਿੰਦੀ ਸੀ ਤੇਰੇ ਬਾਪੂ ਨੂੰ , ਆਹ ਲੈ ਫੜ ਪੇਸ਼ੇ ਧਿਆਨ ਨਾਲ ਜੇਬ ਚ ਪਾ ਲਈ ਕਿਤੇ ਸੁੱਟ ਨਾ ਲਈ ।

ਮੈਂ ਰੋਟੀ ਖਾ ਕੇ  ਸਹਿਰ ਨੂੰ ਚੱਲ ਪਿਆ ਰਸਤੇ ਵਿੱਚ ਮੇਰਾ ਸਾਇਕਲ ਪੈਂਚਰ ਹੋ ਗਿਆ ਤੇ ਮੈ ਦੋ ਕਿਲਿਆਂ ਦੀ ਵਾਹੀ ਤੁਰਨ ਪਿਛੋਂ ਪੈਚਰਾ ਵਾਲੀ ਦੁਕਾਨ ਤੇ ਉ◌ੱਪੜ ਕੇ ਪੈਚਰ ਲਵਾਇਆ , ਪੈਂਚਰ ਵਾਲੇ ਨੇ ਮੇਰੇ ਤੋਂ ਤੀਹ ਰੁਪਏ ਲੈ ਲਏ ਤੇ ਬਾਕੀ ਪੈਸਿਆਂ ਚੋਂ ਨਿੱਕੀ ਦੀ ਕਿਤਾਬ ਤੇ ਬੇਬੇ ਦੀਆਂ ਚੱਪਲਾਂ ਵੀ ਲੈਣੀਆਂ ਸੀ ।

ਮੈਂ ਸ਼ਹਿਰ ਕਿਤਾਬਾਂ ਵਾਲੀ ਦੁਕਾਨ ਤੇ ਪਹੁੰਚਿਆ ਤੇ ਨਿੱਕੀ ਦੀ ਦਸਵੀਂ ਦੀ ਕਿਤਾਬ ਵੀ ਇੱਕ ਸੋ ਸੱਠਾ ਰੁਪਿਆ ਦੀ ਆਈ ਤੇ ਫੇਰ ਚੱਪਲਾਂ ਆਲੀ ਦੁਕਾਨ ਤੇ ਚਲਾ ਗਿਆ ਮੈਂ ਦੁਕਾਨ ਵਾਲੇ ਨੂੰ ਕਿਹਾ ਵਧੀਆ ਜਿਹੀਆ ਬੇਬੇ ਵਾਸਤੇ ਸੱਤ ਨੰਬਰ ਚਪਲਾਂ ਵਖਾਦੇ।

ਨਾਲੇ ਸ਼ਾਦੀਆਂ ਜਿਹੀਆਂ ਦਿਖਾਈ , ਬੇਬੇ ਬੂਟੀਆਂ ਵਾਲੀਆ ਤੇ ਰੰਗ ਬਰੰਗੀਆਂ ਨਹੀਂ ਪਾਉਂਦੀ। ਦੁਕਾਨ ਵਾਲੇ ਨੇ ਮੇਰੇ ਮੂੰਹ ਵੱਲ ਵੇਖਿਆ ਤੇ ਚਪਲਾਂ ਦੇ ਦੋ ਤਿਨ ਜੋੜੇ ਕੱਢਕੇ ਮੇਰੇ ਅੱਗੇ ਰੱਖ ਦਿੱਤੇ।

ਮੈਂ ਤਿਨਾ ਜੋੜਿਆ ਦਾ ਰੇਟ ਪੁਛਿਆ  ਤੇ ਦੁਕਾਨਦਾਰ ਨੇ ਕਿਹਾ ਤਿੰਨਾਂ ਜੋੜਿਆ ਦਾ ਰੇਟ ਇੱਕੋ ਹੀ ਹੈ  ਇੱਕ ਸੋ ਵੀਹ ਰੁਪਏ। ਮੈਂ ਕਿਹਾ ਵੀ ਆਹ ਵਾਲਾ ਖ਼ਾਕੀ ਰੰਗ ਦਾ ਜੋੜਾਂ ਦੇਂਦੋ ਜੀ।

ਮੈਂ ਜੇਬ ਵਿੱਚੋਂ ਪੈਸੇ ਕੱਢੇ ਤੇ ਮੇਰੇ ਕੋਲ ਇੱਕ ਸੋ ਦੱਸ ਰੁਪਏ ਬਚੇ ਸੀ।

ਮੈਂ ਦੱਸ ਰੁਪਏ ਛੜਵਾਕੇ ਚੱਪਲਾਂ ਲੇ ਕੇ ਘਰ ਚਲਾ ਗਿਆ।

ਨਿੱਕੀ ਭੱਜਕੇ ਮੇਰੇ ਤੋਂ ਕਿਤਾਬ ਖੋਹ ਕੇ ਲੈ ਗਈ।  ਬੇਬੇ ਡੰਗਰਾਂ ਨੂੰ ਪਾਣੀ ਧਰ ਰਹੀ ਸੀ। ਮੈਂ ਬੇਬੇ ਦੀਆਂ ਟੁੱਟੀਆਂ ਬੱਦਰਾ ਵਾਲੀਆ ਚੱਪਲਾਂ ਲਹਾ ਕੇ ਨਵੀਆਂ ਪਵਾ ਦਿੱਤੀਆ।

ਬਾਹਰ ਵੇਹੜੇ ਵਿੱਚ  ਮੰਜਾ ਪਿਆ ਸੀ ਮੈਂ ,ਨਿੱਕੀ ਤੇ ਬੇਬੇ ਧੁੱਪੇ ਬਹਿ ਗਏ।

ਬੇਬੇ ਵਿਚਾਰੀ ਬਾਪੂ ਦਾ ਫ਼ਿਕਰ ਕਰੀਂ ਜਾਂਦੀ ਸੀ ਪਤਾ ਨਹੀਂ ਕਿੰਨੇ ਦਿਨ ਲੱਗ ਜਾਣਗੇ ਦਿੱਲੀ ਉਹਨਾ ਨੂੰ ਅਜੇ ਹੋਰ ?

ਮੈਂ ਬੇਬੇ ਨੂੰ ਹੋਂਸਲਾ ਦੇਣ ਲਈ ਕਿਹਾ ਲੈ ਤੂੰ ਤਾਂ ਐਵੇਂ ਹੀ ਟੈਨਸ਼ਨ ਲੈਕੇ ਬਹਿ ਗਈ ਬਾਪੂ ਵਰਗੇ ਹੋਰ ਵੀ ਬੇਥੇਰੇ ਗਏ ਨੇ ਧਰਨੇ ਤੇ।

ਨਿੱਕੀ ਨੇ ਵੀ ਆਪਣੀ ਪੜ੍ਹਾਈ ਛੱਡਕੇ ਬੇਬੇ ਨੂੰ ਗੱਲਾਂ ਚ ਲਾ ਲਿਆ ।

ਮੈਂ ਕਿਹਾ ਬੇਬੇ ਮੈਂ ਖੇਤ ਵੱਲ ਗੇੜਾ ਮਾਰ ਆਵਾਂ । ਬੇਬੇ  ਕਹਿੰਦੀ ਪੁੱਤ ਸਾਗ ਤੋੜ ਲਿਆਈ ਕੱਲ ਨੂੰ ਬਣਾ ਲਵਾਂਗੇ ਸਬਜ਼ੀਆਂ ਤਾਂ ਮਹਿੰਗੀਆਂ ਬੜੀਆਂ ਆਉਂਦੀਆਂ ਨੇ ਰੋਜ਼ ਰੋਜ਼ ਕਿਥੋਂ ਲਿਆਈਏ । ਜ਼ਮੀਨ ਵੀ ਸਾਰੀ ਡੇਢ ਕਿਲਾ , ਕੀ ਬੰਦਾ ਸਬਜ਼ੀ ਲਾਵੇ ਕੀ ਕੱਖ ਕੰਡਾ ਬੀਜੇ ਚੱਲ ਪੁੱਤ ਟਾਇਮ ਨਾਲ ਆਜੀ ਛੇ ਵਜੇ ਤਾਂ ਵੈਸੇ ਹੀ ਹਨੇਰਾ ਹੋ ਜਾਂਦਾ ਹੈ । ਟੈਮ ਨਾਲ ਰੋਟੀ ਟੁੱਕ ਕਰਕੇ ਪੈਣਾ ਵੀ ਆ ਅੱਜ ਬਾਪੂ ਵੀ ਤੇਰਾ ਘਰ ਨਹੀ ਂ ।

ਮੈਂ ਖੇਤ ਜ਼ਿਆਦਾ ਟਾਇਮ ਨਾ ਲਾਇਆ ਤੇ ਤੀਹਾਂ ਮਿੰਟਾਂ ਵਿੱਚ ਘਰ ਨੂੰ ਵਾਪਿਸ ਆ ਗਿਆ ।

ਆਉਂਦਿਆਂ ਨੂੰ ਬੇਬੇ ਨੇ ਚੁਲੇ ਤੇ ਸਬਜ਼ੀ ਰੱਖੀ ਹੋਈ ਸੀ ਠੰਡ ਵੀ ਹੋ ਗਈ ਸੀ ਮੈਂ ਤੇ ਨਿੱਕੀ ਵੀ ਬੇਬੇ ਕੋਲ ਬੈਠ ਗਏ ਤੇ ਅੱਗ ਸੇਕਣ ਲੱਗ ਗਏ । ਬੇਬੇ ਅਜੇ ਵੀ ਬਾਪੂ ਬਾਰੇ ਸੋਚੀ ਜਾਂਦੀ ਸੀ ਅਸੀਂ ਗੱਲਾਂ ਚ ਲਾਕੇ ਧਿਆਨ ਹੋਰ ਪਾਸੇ ਲਾ ਲਿਆ ।

ਗੱਲਾਂ ਕਰਦੇ ਕਰਦੇ ਸਬਜ਼ੀ ਵੀ ਬਣ ਗਈ ਤੇ ਬੇਬੇ ਕਹਿੰਦੀ ਪੁੱਤ ਰੋਟੀਆ ਲਾ ਦਿੰਨੀ ਆ  ਗਰਮ - ਗਰਮ ਖਾ ਕੇ ਜੁੱਲੇ ਚ ਵੜ ਜਾਵੋ ਦੋਨੋਂ ਭੈਣ -ਭਰਾ । ਮੈਂ ਤੇ ਨਿੱਕੀ ਰੋਟੀ ਪਾਣੀ ਖਾ ਕੇ ਰਜਾਈ ਵਿੱਚ ਬੈਠ ਗਏ । ਤੇ ਬੇਬੇ ਵੀ ਕੰਮ ਕਰਕੇ ਆਕੇ ਸਾਡੇ ਕੋਲ ਬਹਿ ਗਈ ।

ਰਾਤ ਦੇ ਅੱਠ ਵਜੇ ਹੋਏ ਸੀ ਮੇਰੇ ਆਲੇ ਫੋਨ ਤੇ 'ਪਿੰਡ ਦੇ ਬੰਦੇ ਦੇ ਫੋਨ ਤੋ' ਬਾਪੂ ਨੇ  ਸਾਨੂੰ ਫੋਨ ਕੀਤਾ ਵੀ ਅਸੀਂ ਦਿੱਲੀ ਠੀਕ - ਠਾਕ ਉਪੜ ਗਏ ਆ । ਬੇਬੇ ਨੇ ਮੇਰੇ ਤੋਂ ਫੋਨ ਫੜਕੇ ਬਾਪੂ ਨਾਲ ਗੱਲ ਕਰਦੇ ਕਿਹਾ ਧਿਆਨ ਰੱਖੀ ਬਾਈ ਆਪਦਾ ਠੰਡ ਵੀ ਬਹੁਤ ਆ ਤੇ ਤੈਨੂੰ ਦਿਸਦਾ ਵੀ ਘੱਟ ਆ ਰਾਤ ਨੂੰ ਇਧਰ - ਉਧਰ ਜਾਂਦੇ ਬੇਟਰੀ ਲਾ ਲਿਆ ਕਰੀ ।

ਐਨੇ ਨੂੰ ਗੱਲਾਂ ਕਰਦੇ ਹੋਏ ਬਾਪੂ ਨੇ ਚੰਗਾ ਕਹਿ ਕੇ ਫੋਨ ਕੱਟ ਦਿੱਤਾ। ਅਸੀਂ ਵੀ ਪੈ ਗਏ ਪਰ ਬੇਬੇ ਨੂੰ ਅਜੇ ਵੀ ਬਾਪੂ ਦਾ ਫ਼ਿਕਰ ਸੀ ਤੇ ਰਾਤ ਨੂੰ ਕੰਧ ਉੱਤੇ ਲੱਗੀ ਬਾਬੇ ਨਾਨਕ ਜੀ ਦੀ ਫੋਟੋ ਵੱਲ ਵੇਖਕੇ ਵਾਹਿਗੁਰੂ - ਵਾਹਿਗੁਰੂ ਕਰੀ ਜਾਂਦੀ ਸੀ ,ਪਤਾ ਨਹੀਂ ਰਾਤ ਕਿਵੇਂ ਕੱਟੀ ਹੋਣੀ ਬੇਬੇ ਨੇ।

ਸਵੇਰੇ ਪਾਠੀ ਵੇਲੇ ਮੇਰੀ ਅੱਖ ਖੁੱਲੀ ਤੇ ਬੇਬੇ ਸੱਜੇ ਪਾਸੇ ਕੰਧ ਤੇ ਲੱਗੀ ਬਾਬੇ ਨਾਨਕ ਜੀ ਦੀ ਫੋਟੋ ਨੂੰ ਮੱਥਾ ਟੇਕਦੀ ਮੰਜੇ ਤੋਂ ਉਠ ਪਈ। ਮੈਨੂੰ ਜਾਗਦੇ ਨੂੰ ਵੇਖਕੇ ਕਹਿਣ ਲੱਗੀ ਪੁੱਤ ਮੈਂ ਗੁਰੂ ਦੁਆਰਾ ਸਾਹਿਬ ਮੱਥਾ ਟੇਕ ਆਵਾਂ ਤੁਸੀਂ ਸੋਜੋ ਅਜੇ। ਇਹਨਾਂ ਕਹਿ ਕੇ ਬੇਬੇ ਨਹਾ ਧੋ ਕੇ ਚਲੀ ਗਈ ਤੇ ਮੇਰੀ ਅੱਖ ਲੱਗ ਗਈ।

ਜਦੋਂ ਮੇਰੀ ਅੱਖ ਖੁੱਲੀ ਤੇ ਸਵੇਰ ਦੇ ਸੱਤ ਵਜੇ ਹੋਏ ਸੀ। ਬੇਬੇ ਨੇ ਕਿਹਾ ਪੁੱਤ ਚਾਹ ਪੀ ਲਾ ਉੱਠਜਾ ਤੇ ਪੱਠੇ ਵੀ ਲਿਆਉਣੇ ਨੇ ਡੰਗਰ ਬੱਛਿਆ ਲਈ। ਮੈਂ ਬੇਬੇ ਦੇ ਕਹਿਣ ਤੇ ਉਦੋ ਹੀ ਉਠਕੇ ਬਹਿ ਗਿਆ ਤੇ ਮੂੰਹ ਹੱਥ ਧੋਕੇ ਡੰਗਰਾਂ ਵਾਲੇ ਪਾਸੇ ਗੇੜਾ ਮਾਰਕੇ ਬੇਬੇ ਤੋਂ ਚਾਹ ਦਾ ਗਿਲਾਸ ਫੜ ਲਿਆ , ਚਾਹ ਪੀਂਦੇ ਹੋਏ ਮੇਰਾ ਮਨ ਵੀ ਉਦਾਸ ਸੀ ਅੱਜ।

ਬਾਪੂ ਤੋਂ ਬਿਨਾਂ ਅੱਜ ਦੀ ਰਾਤ ਕੱਟਕੇ ਮੈਨੂੰ ਵੀ ਬੇਚੈਨੀ ਲੱਗੀ ਹੋਈ ਸੀ ਵੀ ਪਤਾ ਨਹੀਂ ਕਿਵੇਂ ਹੋਣਾ ਮੇਰਾ ਬਾਪੂ

ਮੈਂ ਪਿੰਡ ਦੇ ਬੰਦੇ ਦੇ ਫੋਨ ਤੇ ਫੋਨ ਲਾਇਆ ਉਹ ਵੀ ਬੰਦ ਆ ਰਿਹਾ ਸੀ। ਮੈਂ ਬੇਟਰੀ ਡਾਉਨ ਹੋਣੀ ਕਹਿ ਕੇ ਖੇਤ ਨੂੰ ਤੁਰ ਪਿਆ।

ਖੇਤ ਤੋਂ ਵਾਪਿਸ ਆਉਂਦੇ ਮੈਨੂੰ ਨਾਜਰ ਚਾਚਾ ਮਿਲ ਗਿਆ ਉਹਦਾ ਮੁੰਡਾ ਜਿੰਦਰ ਟਰੈਕਟਰ ਲੈਕੇ ਗਿਆ ਸੀ ਦਿੱਲੀ , ਮੈਂ ਚਾਚੇ ਨੂੰ ਸਤਿ ਸ੍ਰੀ ਆਕਾਲ ਬੁਲਾ ਕੇ ਜਿੰਦਰ ਦਾ ਨੰਬਰ ਲੈ਼ ਲਿਆ।

ਤੇ ਘਰ ਆਇਆ ਬੇਬੇ ਨੇ ਆਵਾਜ਼ ਮਾਰਕੇ ਕਿਹਾ ਪੁੱਤ ਬਾਪੂ ਨੂੰ ਫੋਨ ਕਰਕੇ ਹਾਲ ਚਾਲ ਪੁੱਛਲਾ ,ਮੈਂ ਹਾਂ ਬੇਬੇ ਕਰਦਾ

ਮੈਂ ਜਿੰਦਰ ਵਾਲੇ ਫੋਨ ਤੇ ਫੋਨ ਕੀਤਾ ਅੱਗੋਂ ਉਹਦਾ ਨੰਬਰ ਵੀ 'ਆਊਟ ਆਫ ਰੇਂਜ' ਆਈ ਜਾਂਦਾ ਸੀ ।

ਮੈਨੂੰ ਹੋਰ ਵੀ ਬਾਪੂ ਦੀ ਫ਼ਿਕਰ ਹੋ ਰਹੀ ਸੀ । ਮੈਂ ਬੇਬੇ ਵੱਲ ਵੇਖਦਿਆਂ ਬੇਬੇ ਨੂੰ ਹੋਂਸਲਾ ਦੇਣ ਲਈ ਕਹਿ ਦਿੱਤਾ ਅਜੇ ਫੋਨ ਬੰਦ ਨੇ ਉਹਨਾਂ ਦੇ ਸ਼ਾਇਦ ਫੋਨ ਦੀਆਂ ਬੇਟਰੀਆ ਡਾਉਨ ਹੋਣੀਆਂ ਉਥੇ ਕਿਹੜਾ ਚਾਰਜਰ ਲੱਗੇ ਹੋਣੇ । ਬੇਬੇ ਚੱਲ ਪੁੱਤ ਬਾਅਦ ਵਿਚ ਕਰਕੇ ਪੁੱਛ ਲਈ ਜ਼ਰੂਰ ।

ਐਨੇ ਨੂੰ ਮੇਰੇ ਮਾਮੇ ਦੀ ਕੁੜੀ ਛਿੰਦੀ ਦੀ ਕਨੇਡਾ ਤੋਂ ਵਿਡਿਉ ਕਾਲ ਆ ਗਈ ।

ਉਹਦੇ ਨਾਲ ਗੱਲਾਂ ਕਰਕੇ ਬੇਬੇ ਦਾ ਮਨ ਠੀਕ ਹੋ ਗਿਆ ਤੇ ਮਾਮੇ ਦੀ ਕੁੜੀ ਦੱਸਦੀ ਸੀ ਬੇਬੇ ਨੂੰ ਸਾਡੇ ਏਥੇ ਕਨੇਡਾ ਦੀਆਂ ਸਰਕਾਰਾਂ ਬਹੁਤ ਵਧੀਆ ਨੇ ਸਾਰੀਆਂ ਸਹੂਲਤਾਂ ਨੇ ਏਥੇ ਦੇ ਲੋਕਾਂ ਨੂੰ ਤੇ ਧਰਨਿਆ ਦਾ ਕੁੱਝ ਪਤਾ ਵੀ ਨਹੀਂ ਪਰ ਕਨੈਡਾ ਵਿੱਚ ਰਹਿੰਦੇ ਪੰਜਾਬੀ ਆਪਣੇ ਪੰਜਾਬ ਦੇ ਹਲਾਤ ਦੇਖਕੇ ਫ਼ਿਕਰ ਬਾਹਲੀ ਕਰਦੇ ਨੇ , ਭੂਆ ਆਪਣੇ ਦੇਖ ਲੋ ਰੋਜ਼ ਹੀ ਲੋਕ ਧਰਨਿਆ ਤੇ ਬੈਠੇ ਹੁੰਦੇ ਨੇ ਕਦੇ ਨੋਕਰੀਆ ਲਈ , ਕਦੇ ਬਾਹਲੀ ਕੱਟਾ ਲਈ ਤੇ ਕਦੇ ਮਹਿੰਗਾਈ ਲਈ ।

ਬੇਬੇ ਬਸ ਪੁੱਤ ਤੈਨੂੰ ਪਤਾ ਤਾਂ ਹੈ ਆਪਣੇ ਏਥੇ ਦੀਆਂ ਸਰਕਾਰਾਂ ਦਾ । ਛਿੰਦੀ ਦੇ ਕਾਲਜ ਦਾ ਟਾਈਮ ਹੋ ਰਿਹਾ ਸੀ ਉਹ ਵੀ ਚੰਗਾ ਭੂਆ ਜੀ ਆਪਣਾ ਧਿਆਨ ਰੱਖਿਉ ਕਹਿ ਕੇ ਫੋਨ ਕੱਟ ਗਈ ।

ਮੈਂ ਵੀ ਆਪਣੇ ਕੰਮ ਤੇ ਲੱਗ ਗਿਆ ਡੰਗਰਾਂ ਨੂੰ ਪੱਠੇ ਪਾਉਣ ਤੇ ਡੰਗਰਾਂ ਨੂੰ ਬਾਹਰ ਕੱਢਣ ਲਈ । ਮੈਂ ਡੰਗਰ ਬੱਛਿਆ ਦਾ ਕੰਮ ਨਬੇੜ ਕੇ ਬੇਬੇ ਨੂੰ ਕਹਿਣ ਲੱਗਾ ਮੈਂ

ਪਿੰਡੋ ਕਿਸੇ ਦਾ ਹੋਰ ਨੰਬਰ ਲੈ ਆਉਨਾ ਆਪਾਂ ਬਾਪੂ ਨਾਲ ਗੱਲ ਕਰਕੇ ਹਾਲ ਚਾਲ ਪੁੱਛਲਾਗੇ ।

ਮੇਰੇ ਪਿੰਡੋ ਪੁੱਛਣ ਤੇ ਪਤਾ ਲੱਗਾ ਜਿੰਦਰ ਨਾਲ ਦੀਪਾ , ਸੋਨੀ , ਗਿੰਦਾ ਕਈ ਮੁੰਡੇ ਗਏ ਨੇ ।

ਮੈਂ ਸੋਨੀ ਦੇ ਘਰ ਗਿਆ ਤੇ ਕਰਨੈਲੋ ਤਾਈਂ ਤੋਂ ਨੰਬਰ ਲੈ ਆਇਆ ।

ਮੈਂ ਸੋਨੀ ਨਾਲ ਫੋਨ ਤੇ ਗੱਲ ਕੀਤੀ ਉਹਨੇ ਕਿਹਾ ਮੈਂ ਸਿੰਘੂ ਬਾਡਰ ਤੋਂ ਥੋੜਾ ਪਰੇ ਹਾਂ ਪਰ ਸਾਰੇ ਠੀਕ - ਠਾਕ ਨੇ ਤੁਸੀਂ ਫ਼ਿਕਰ ਨਾ ਕਰੋ ।

ਮੈਂ ਘਰ ਬੇਬੇ ਨੂੰ ਜਾ ਕੇ ਦੱਸਿਆ ਵੀ ਕਰਨੈਲੋ ਤਾਈਂ ਦੇ ਮੁੰਡੇ ਨਾਲ ਗੱਲ ਹੋਈ ਸੀ ਉਹ ਬਾਪੂ ਤੋਂ ਥੋੜਾ ਦੂਰ ਸੀ ਪਰ ਸਾਰੇ ਠੀਕ - ਠਾਕ ਨੇ ।

ਬੇਬੇ ਦਾ ਮਨ ਟਿੱਕ ਗਿਆ ਤੇ ਮੈ ਵੀ ਬੇਚੈਨੀ ਤੋੜਕੇ ਆਪਣੇ ਕੰਮ ਉੱਤੇ ਲੱਗ ਗਿਆ ।

ਕੰਮਾਂ ਕਾਰਾਂ ਵਿੱਚ ਫੇਰ ਸ਼ਾਮ ਦਾ ਵੇਲਾ ਹੋ ਗਿਆ ਬੇਬੇ ਨੇ ਅੱਜ ਸਾਗ ਬਣਾਇਆ ਸੀ ਅਸੀਂ ਚੁੱਲੇ ਤੇ ਬਹਿ ਕੇ ਅੱਗ ਸੇਕਦੇ ਹੋਏ ਸਾਗ ਨਾਲ ਮੱਕੀ ਦੀਆਂ ਰੋਟੀਆਂ ਖਾ ਕੇ

ਦੁੱਧ ਪੀ ਕੇ ਜੁੱਲੇ ਚ ਵੜ ਗਏ ।

ਮੈਂ ਫੋਨ ਤੇ ਵਿਡਿਉ ਦੇਖ ਰਿਹਾ ਸੀ ਦਿੱਲੀ ਧਰਨੇ ਦੀਆਂ , ਲੋਕਾਂ ਦਾ ਕੱਠ ਤੇ ਏਕਾ ਦੇਖਿਆ ਕਿ ਸਾਰੇ ਧਰਮਾਂ ਦੇ ਲੋਕਾਂ ਦਾ ਯੋਗਦਾਨ ਹੈ ਤੇ ਲੋਕ ਕੱਠ ਚ ਬੜੀ ਸ਼ਿੱਦਤ ਨਾਲ ਸੇਵਾ ਵਿੱਚ ਲੱਗੇ ਹੋਏ ਨੇ ਕਿਤੇ ਮੇਰੇ ਮਨ ਵਿੱਚ ਇਹ ਵੀ ਆ ਰਿਹਾ ਸੀ ਸਾਨੂੰ ਇੱਕ ਦੂਜੇ ਧਰਮ , ਜਾਤਾ , ਰਾਜਾ ਨਾਲ ਸਰਕਾਰਾਂ ਹੀ ਲੜਵਾਉਦੀਆ ਨੇ ।

ਇਹੋ ਹੀ ਸਾਨੂੰ ਇੱਕ ਹੋ ਕੇ ਨਹੀਂ ਰਹਿਣ ਦਿੰਦੀਆ ਜਿਵੇਂ ਸਾਡੀ ਇੱਕ ਧਰਤੀ ਤੇ ਇਹਨਾਂ ਨੇ ਕਈ ਬਾਡਰ ਬਣਾਕੇ ਟੁੱਕੜੇ ਕਰ ਦਿੱਤੇ ।

ਐਨੇ ਨੂੰ ਬੇਬੇ ਨੇ ਕਿਹਾ ਸੋ ਜਾ ਪੁੱਤ ਟੈਮ ਬਹੁਤ ਹੋ ਗਿਆ । ਸਾਰਾ ਦਿਨ ਕੰਮ ਕਰਨੇ ਹੁੰਦੇ ਨੇ । ਬੇਬੇ ਤੇ ਕਹਿਣ ਤੇ ਮੈਂ ਫੋਨ ਆਪਣੇ ਸਰਾਣੇ ਰੱਖ ਕੇ ਪੈ ਗਿਆ ।

ਅਗਲੇ ਦਿਨ ਸਵੇਰੇ ਉਠਿਆ  ਤੇ ਚਾਹ ਪੀ ਕੇ ਫੇਰ ਕੰਮ ਵਿੱਚ ਲੱਗ ਗਿਆ ਤੇ ਘਰੋਂ ਗਿਆ ਬਾਪੂ ਨੂੰ ਵੀ ਤੀਜਾ ਦਿਨ ਸੀ ਅੱਜ , ਬਾਪੂ ਦੀ ਉਡੀਕ ਬੇਬੇ ਨੂੰ ਵੀ ਵੱਢ - ਵੱਢ ਖਾ  ਰਹੀ ਸੀ । ਮੈਂ ਜਿੰਦਰ ਨੂੰ ਫੋਨ ਲਾਇਆ ਤੇ ਬਾਪੂ ਨਾਲ ਗੱਲ ਹੋਈ ਬਾਪੂ ਨੇ ਸਭ ਠੀਕ ਦੱਸਿਆ ਤੇ ਨਾਲੇ ਕਹਿੰਦੇ ਅਸੀਂ ਪਿੰਡ ਵਾਲਿਆਂ ਨੇ ਏਥੇ ਸਲਾਹ ਕੀਤੀ ਹੈ ਚਾਰ ਦਿਨ ਬਾਅਦ ਇੱਕ ਟਰੈਕਟਰ ਟਰਾਲੀ ਪਿੰਡ ਨੂੰ ਜਾਇਆ ਕਰੂ ਤੇ ਦੂਜੀ ਏਥੇ  ਆਜਿਆ ਕਰੂਗੀ  ਤੇ ਇੱਕ ਗੱਲ ਹੋਰ ਮੈਂ ਪੁੱਤ ਕੱਲ ਨੂੰ ਘਰ ਆ ਜਾਵਾਗਾ ।

ਮੈਂ ਭੱਜਕੇ ਜਾਕੇ ਘਰ ਬੇਬੇ ਨੂੰ ਦੱਸਿਆ ਤੇ ਬੇਬੇ ਦਾ ਥੋੜ੍ਹਾ ਜਾਂ ਮਨ ਹਲਕਾ ਹੋਇਆ । ਮੈ ਵੀ ਖੇਤ ਨੂੰ ਚਲਾ ਗਿਆ ਪੱਠੇ ਟੁੱਕ ਲੈਣ ।

ਕੰਮ ਕਰਦਿਆਂ ਅੱਜ ਦਾ ਦਿਨ ਵੀ ਕੰਮਾਂ ਧੰਦਿਆਂ ਵਿੱਚ ਲੰਘ ਗਿਆ ।

ਸ਼ਾਮੀਂ ਚੁੱਲੇ ਤੇ ਬੇਠੈ ਕੇ ਰੋਟੀ ਖਾਂਦੇ  ਹੋਏ ਅਸੀਂ ਬੇਬੇ ਨਾਲ  ਗੱਲਾਂ ਕਰ ਰਹੇ ਸੀ ਵੀ ਬਾਪੂ ਵੀ ਕੱਲ ਨੂੰ ਘਰ ਆ ਜਾਵੇਗਾ ।

ਅਸੀਂ ਰੋਟੀ ਖਾਕੇ ਆਪਣੇ -  ਆਪਣੇ ਮੰਜਿਆਂ ਤੇ ਪੈ ਗਏ ।

ਅਗਲੇ ਦਿਨ ਸਵੇਰੇ ਉਠੇ ਤਾਂ ਮੈਂ ਕੰਮਾ ਵਿੱਚ ਲੱਗ ਗਿਆ ਤੇ ਅੱਜ ਬਾਪੂ ਨੇ ਵੀ ਆ ਜਾਣਾ ਹੈ ਇਹ ਸੋਚਦਾ - ਸੋਚਦਾ ਮੈਂ ਖੇਤ ਨੂੰ ਚੱਲ ਗਿਆ  ਪੱਠੇ ਲੈਣ ਲਈ ।

ਜਾਂਦਿਆ ਨੂੰ ਰਸਤੇ ਵਿੱਚ ਜਿੰਦਰ ਦਾ ਬਾਪੂ ਵੀ ਮਿਲ ਗਿਆ ਉਹ ਕਹਿੰਦਾ ਮੇਰੀ ਗੱਲ ਹੋਈ ਸੀ ਜਿੰਦੇ ਨਾਲ ਇੱਕ ਦੋ ਵਜੇ ਆ ਜਾਣਗੇ ਤੇਰੇ ਬਾਪੂ ਹੋਰੀ ,ਮੈਂ ਵੀ ਕਿਹਾ ਹਾਂ ਚਾਚਾ ਕੱਲ ਦੁਪਹਿਰੇ ਗੱਲ ਹੋਈ ਸੀ ਬਾਪੂ ਨਾਲ ਦੱਸ ਰਿਹਾ ਸੀ । ਮੈ ਬਾਪੂ ਦਾ ਚੇਹਰਾ ਅੱਜ ਚਾਰ ਦਿਨਾਂ ਬਾਅਦ ਦੇਖਣਾ ਸੀ ।

ਖੇਤੋ ਪੱਠੇ ਲੈ ਕੇ ਘਰ ਆ ਕੇ ਮੈਂ ਬੇਬੇ ਨੂੰ ਦੱਸਿਆ ਵੀ ਜਿੰਦਰ ਦਾ ਬਾਪੂ ਕਹਿੰਦਾ ਸੀ ਬਾਪੂ ਹੋਰੀ ਅੱਜ ਇੱਕ ਦੋ ਵਜੇ ਆ ਜਾਣਗੇ । ਬੇਬੇ ਵੀ ਵਾਹਿਗੁਰੂ ਦਾ ਸ਼ੁਕਰ ਕਰਦੀ ਸੀ ਤੇ ਮਨ ਟਿਕਿਆ ਹੋਇਆ ਸੀ । ਕਿਉਕਿ ਬੇਬੇ ਦੀ ਵੀ ਕਈ ਦਿਨ ਦੀ ਉਡੀਕ 'ਅੱਜ , ਮੇਰੇ ਇਹ ਗੱਲ ਕਹਿੰਦਿਆਂ ਮੁੱਕ ਹੀ ਗਈ ਸੀ ਕਿ ਬਾਪੂ ਨੇ ਦੁਪਹਿਰ ਤੱਕ ਘਰ ਆ ਜਾਣਾ ਹੈ । ਮੈ ਬੇਬੇ ਦਾ ਚੇਹਰਾ ਅੱਜ ਕਈ ਦਿਨ ਬਾਅਦ ਇਸ ਇਸ ਤਰਾਂ ਦੇਖਿਆ ਸੀ ਜਿਵੇਂ ਬੇਬੇ ਨੂੰ ਕੋਈ ਵੱਡੀ ਖੁਸ਼ੀ ਮਿਲੀ ਹੋਵੇ । ਬੇਬੇ ਦੀ ਖੁਸ਼ੀ ਨੂੰ ਦੇਖ ਦਿਆਂ ਮੈਂ ਅੰਦਰ ਜਾ ਕੇ ਟੈਲੀਵਿਜ਼ਨ ਲਾ ਕੇ ਬਹਿ ਗਿਆ । ਨਿੱਕੀ ਤੇ ਬੇਬੇ ਵੀ ਮੇਰੇ ਕੋਲ ਆ ਕੇ ਬਹਿ ਗਏ । ਬੇਬੇ ਕਹਿੰਦੀ ਖਬਰਾਂ ਲਾ ਲੈ ਪੁੱਤ ਬਾਕੀ ਚੈਨਲਾਂ ਤੇ ਤਾਂ ਐਵੇਂ ਸਾਰਾ ਦਿਨ ਗੰਦ ਮੰਦ ਦਿਖਾਈ ਜਾਦੇ ਨੇ ਕੋਈ ਚੱਜਦੀ ਗੱਲ ਹੀ ਨਹੀਂ ਹੁੰਦੀ ਇਹਨਾਂ ਕੋਲ ਜਾ ਫੇਰ ਮੋਦੀ ਦੀ ਸਿਫਤ ਦੀ ਹੀ ਭਕਾਈ ਮਾਰੀ ਜਾਂਦੇ ਨੇ ਡੂਠੇ ਕਿਸੇ ਥਾਂ ਦੇ । ਮੈਂ ਇੱਕ ਖਬਰਾਂ ਵਾਲਾ ਚੈਨਲ ਲਾਇਆ ਤੇ ਅੰਦੋਲਨ ਦੀ ਖ਼ਬਰ ਵਿੱਚ ਇੱਕ ਛੋਟਾ ਜਿਹਾ ਤੇਰ੍ਹਾ ਸਾਲ ਦਾ ਬੱਚਾ ਪੁਲਿਸ ਵਾਲੀ ਗੱਡੀ ਵਿੱਚ ਆਪਣੇ ਹੋਂਸਲੇ ਦੇ ਸਬੂਤ ਦਿੰਦਾ ਹੋਇਆ ਤੇ ਕਿਸਾਨ ਅੰਦੋਲਨ ਦਾ ਪੱਖ ਰੱਖਦਾ ਅਤੇ ਨਾ ਡੋਲਦਾ ਹੋਇਆ ਵਾਰ - ਵਾਰ ਇਹੋ ਕਹਿ ਰਿਹਾ ਸੀ । ਮੈਂ ਜੇਲ ਜਾ ਰਿਹਾ ਹਾ ਕੋਈ ਗੱਲ ਨਹੀਂ ਪਰ ਜੇ ਮੈਂ ਮਰ ਵੀ ਗਿਆ ਮੈਨੂੰ ਮਰੇ ਨੂੰ ਸਿੰਘੂ ਬਾਰਡਰ ਤੋਂ ਕੋਈ ਕਿਸਾਨ ਆਗੂ ਲੈਣ ਆਜਿਉ । ਇਹ ਖਬਰ ਦੇਖਦੇ ਹੀ ਸਾਡੇ ਵਿੱਚ ਐਨਾ ਜ਼ਿਆਦਾ ਹੋਂਸਲਾ ਤੇ ਕਿਸਾਨ ਅੰਦੋਲਨ ਲਈ ਲੜਨ ਦੀ ਸਮਰੱਥਾ ਵੱਧ ਗਈ । ਇਹ ਦੇਖਕੇ ਕਿ ਇੱਕ ਬੱਚਾ ਵੀ ਇਸ ਅੰਦੋਲਨ ਲਈ ਸ਼ਹੀਦ ਹੋਣ ਲਈ ਤਿਆਰ ਹੈ ਤੇ ਅਸੀ ਲੋਕ ਘਰ ਵਿੱਚ ਬੈਠੇ ਧਰਨੇ ਤੇ ਗਏ

ਆਪਣੇ ਜੀਆ ਦੀ ਉਡੀਕ ਤੇ ਫ਼ਿਕਰ ਕਰੀਂ ਜਾਨੇ ਹਾ। ਫੇਰ ਸਗੋਂ ਮੇਰੇ ਮਨ ਵਿੱਚ ਵੀ ਦੇਖਕੇ ਇਹ ਵਿਚਾਰ ਆਇਆ ਤੇ ਮੇਰਾ ਵੀ ਹੌਂਸਲਾ ਹੋਰ ਕਾਇਮ ਹੋ ਗਿਆ ਕਿ ਮੈਂ ਵੀ ਆਪਣੇ ਹੱਕ ਲਈ ਕਿਸਾਨ ਧਰਨੇ ਵਿੱਚ ਜਾ ਕੇ ਅੰਦੋਲਨ ਦਾ ਹਿੱਸਾ ਬਣਾਗਾ। ਐਨੇ ਨੂੰ ਦੁਪਹਿਰੇ ਗੁਰੂ ਘਰ ਬਾਬਾ ਜੀ ਨੇ ਆਵਾਜ਼ ਦਿੱਤੀ ਵੀ ਦਿੱਲੀ ਤੋਂ ਇੱਕ ਟਰਾਲੀ ਵਾਪਸ ਆਈ ਹੈ ਤੇ ਹੁਣ ਦੂਸਰੀ ਜਾਣੀ ਹੈ ਭਾਈ ਜਿਹਨੇ ਜਿਹਨੇ ਜਾਣਾ ਆਪਣੀ ਤਿਆਰੀ ਕਰਲੇ।

ਐਨੇ ਨੂੰ ਘਰ ਬਾਪੂ ਨੂੰ ਜਿੰਦਰ ਤੇ ਸੋਨੀ ਛੱਡਣ ਆਏ ਬਾਪੂ ਦੇ ਕਾਫ਼ੀ ਸੱਟਾਂ ਲੱਗੀਆਂ ਹੋਈਆਂ ਸਨ। ਉਹਨਾਂ ਨੇ ਦੱਸਿਆ ਰਾਤ ਹਨੇਰੇ ਚ ਪੱਥਰ ਨਾਲ ਠੇਕਰ ਲੱਗਣ ਨਾਲ ਤੇਰਾ ਬਾਪੂ ਡਿੱਗ ਪਿਆ ਸੀ ਕਿਤੇ ਤੇ ਕਾਫੀ ਸੱਟਾਂ ਲੱਗ ਗਈਆ ਤੇ ਜਿਆਦਾ ਅੱਖ ਦੇ ਉਤੇ ਸੱਟ ਲੱਗੀ ਹੈ।

ਅਸੀਂ ਫੜਕੇ ਬਾਪੂ ਨੂੰ ਮੰਜੀ ਤੇ ਪਾ ਲਿਆ ਤੇ ਬੇਬੇ ਨੇ ਹਲਦੀ ਵਾਲਾ ਦੁੱਧ ਗਰਮ ਕਰਕੇ ਦਿੱਤਾ। ਤੇ ਬੇਬੇ ਮਾਲਕ ਦਾ ਸੁ਼ਕਰ ਕਰਦੀ ਸੀ ਚੱਲ ਜਾਨ ਬੱਚ ਗਈ ਤੇਰੇ ਬਾਪੂ ਦੀ।

ਤੇ ਮੈਂ ਕਿਹਾ ਹੁਣ ਇਸ ਵਾਰੀ ਮੈਂ ਜਾਊਗਾ ਧਰਨੇ ਤੇ ਬਾਪੂ ਨੂੰ ਹੁਣ ਨਹੀਂ ਜਾਣ ਦੇਣਾ।

ਬੇਬੇ ਕੱਖਾ ਦਾ ਫੇਰ ਤੂੰ ਕਰਲੀ ਕਰੀ ਔਖੀ ਸੋਖੀ। ਪਰ ਆਪਣੇ ਹੱਕਾ ਲਈ ਲੜਨਾ ਤਾਂ ਸਾਨੂੰ ਪੈਣਾ ਹੀ ਆ। ਮੈਂ ਏਨੀ ਗੱਲ ਆਖਦਾ ਹੋਇਆ ਆਪਣੀ ਤਿਆਰੀ ਵਿੱਚ ਲੱਗ ਗਿਆ। ਬੇਬੇ ਨੇ ਬਾਪੂ ਵਾਲੇ ਲੀੜੇ ਕੱਢਕੇ ਝੋਲੇ ਵਿਚ ਮੇਰੇ ਲੀੜੇ ਪਾ ਦਿੱਤੇ ਤੇ ਨਾਲੇ ਮੈਨੂੰ ਪੰਜ ਸੋ ਰੁਪਏ ਤੇ ਇੱਕ ਲਫਾਫੇ ਵਿੱਚ ਬੇਬੇ ਦੀ ਬੁਣੀ ਹੋਈ ਕੋਟੀ ਨਾ ਦਿੱਤੀ। ਨਿੱਕੀ ਚੁੱਪ ਕਰਕੇ ਦਰਵਾਜ਼ੇ ਕੋਲ ਖੜੀ ਚੁੱਪ - ਚਾਪ ਸਾਨੂੰ ਦੇਖੀਂ ਪਈ ਸੀ। ਮੈਂ ਬਾਪੂ ਵਾਂਗੂੰ ਆਪਣਾ ਝੋਲਾ ਫੜਕੇ ਸਭ ਨੂੰ ਮਿਲਕੇ ਟੋਭੇ ਕੋਲ ਚਲਾ ਗਿਆ। ਦਿੱਲੀ ਜਾਣ ਲਈ ਬਾਹਰ ਟੋਭੇ ਕੋਲ ਟਰੈਕਟਰ ਟਰਾਲੀ ਖੜੇ ਸੀ। ਮੈਂ ਉਥੇ

ਪਹੁੰਚ ਗਿਆ ਤੇ ਅੱਗੇ ਕਰਮਾਂ ਵੀ ਸਾਇਕਲ ਤੇ ਆ ਰਿਹਾ ਸੀ l ਉਹ ਮੈਨੂੰ ਕਹਿੰਦਾ ਮੈ ਘਰ ਬਾਪੂ ਦੀ ਦਵਾਈ ਦੇ ਆਵਾਂ ਤੇ ਮੈਂ ਵੀ ਜਾ ਰਿਹਾ ਇਸ ਵਾਰੀ ਦਿੱਲੀ ਧਰਨੇ ਤੇ , ਮੈ ਆਇਆ ਦਸ਼ਾ ਮਿੰਟਾ ਵਿੱਚ ਮੈਂ ਟਰਾਲੀ ਵਿੱਚ ਬਾਪੂ ਵਾਂਗੂੰ ਪਰਾਲੀ ਦੀ ਪੰਡ ਤੇ ਬੈਠੇ ਕੇ ਕਰਮੇਂ ਦੀ ਉਡੀਕ ਕਰ ਰਿਹਾ ਸੀ ਤੇ ਉਹ ਵੀ ਆ ਗਿਆ ਤੇ ਚੱਲਣ ਦੀ ਸਾਡੀ ਤਿਆਰੀ ਵੀ ਹੋ ਗਈ ਸੀ l ਪੰਜਾ ਮਿੰਟਾ ਪਿੱਛੋਂ ਬੱਬੂ ਨੇ ਟਰੈਕਟਰ ਤੋਰ ਲਿਆ l ਤੇ ਮੈਂ ਕਰਮੇਂ ਨੂੰ ਆਖਣ ਲੱਗਾ ਬਾਪੂ ਦੇ ਵੀ ਸੱਟ ਲੱਗ ਗਈ ਸੀ ਦਿੱਲੀ ਹਨੇਰੇ ਚ ਕਿਤੇ ਠੋਕਰ ਲੱਗ ਗਈ ਸੀ ਤੇ ਕਾਫੀ ਸੱਟਾਂ ਲੱਗ ਗਈਆ l ਇਹ ਗੱਲਾਂ ਕਰਦੇ - ਕਰਦੇ ਅਸੀਂ ਵੀ ਧਰਨੇ ਲਈ ਦਿੱਲੀ ਰਵਾਨਾ ਹੋ ਗਏ ਅੱਜ ਪੋਹ ਦਾ ਮਹੀਨਾ ਵੀ ਚੜ ਗਿਆ ਸੀ l ਜਿਵੇਂ - ਜਿਵੇਂ ਸ਼ਾਮ ਢੱਲਦੀ ਜਾ ਰਹੀ ਸੀ ਤੇ ਠੰਡ ਵੀ ਵੱਧਦੀ ਜਾ ਰਹੀ ਸੀ ਪਰ ਲੋਕਾਂ ਵਿੱਚ ਅੰਦੋਲਨ ਲਈ ਐਨਾਂ ਜੋਸ਼ ਇਹ ਮੈਨੂੰ ਰਸਤੇ ਵਿੱਚ ਜਾਂਦੇ ਲੋਕਾਂ ਵੱਲ ਦੇਖਕੇ ਪਤਾ ਲੱਗਾ l ਕੋਈ ਸਾਇਕਲ ਤੇ ਕਿਸਾਨ ਅੰਦੋਲਨ ਦੇ ਝੰਡੇ ਲਾਈ ਜਾ ਰਿਹਾ ਹੈ ਕੋਈ ਗੱਡੀਆਂ ਤੇ ਕੋਈ ਟਰਾਲੀ ਟਰੈਕਟਰਾ ਤੇ ਸੜਕਾਂ ਉਤੇ ਸਿਰਫ ਲੋਕਾਂ ਦੇ ਹੱਥਾਂ ਵਿਚ ਕਿਸਾਨਾਂ ਦੇ ਝੰਡੇ ਹੀ ਨਜ਼ਰ ਆ ਰਹੇ ਸੀ l ਟੂਲ ਟੈਕਸਾ ਤੇ ਵੀ ਕਿਸਾਨ ਆਪਣੀਆਂ ਕੁਲੀਆ ਬਣਾਈ ਬੈਠੇ ਸੀ ਤੇ ਟੂਲ ਟੈਕਸਾਂ ਨੂੰ ਬੰਦ ਕਰ ਦਿੱਤਾ ਗਿਆ ਸੀ l ਜਦੋਂ ਅਸੀਂ ਦਿੱਲੀ ਪਹੁੰਚੇ ਤਾਂ ਦਿਲੀ ਦਾ ਪੂਰਾ ਇਲਾਕਾ ਕੱਠ ਨਾਲ ਐਵੇਂ ਭਰਿਆ ਪਿਆ ਸੀ l ਜਿਵੇਂ ਕਿਸੇ ਵੱਡੇ ਘਰਾਣੇ ਦੇ ਸੋ ਕਿਲਿਆਂ ਦੇ ਵਾਹਨ ਵਿੱਚ ਕਮਾਦ ਲੱਗਾ ਹੋਵੇ l ਸਾਡਾ ਜੱਥਾ ਲੰਗਰ ਪਾਣੀ ਛੱਕ ਕੇ ਰਾਤ ਨੂੰ ਕਾਗਜ਼ ਦੀ ਤਰਪਾਲ ਦੇ ਤੰਬੂ ਹੇਠਾਂ ਸੋ ਗਿਆ l ਸਵੇਰੇ ਉੱਠ ਕੇ ਚਾਹ ਦੀ ਸੇਵਾ ਲਈ ਮੈਂ ਵੀ ਬਜ਼ੁਰਗਾਂ ਨਾਲ ਭਾਂਡੇ ਧੋਣ ਲੱਗ ਪਿਆ ਤੇ ਅਸੀਂ ਸੇਵਾ ਵਿੱਚ ਲੱਗ ਗਏ l ਐਨੀ ਸ਼ਰਧਾ ਨਾਲ ਹਰ ਇਕ ਨੂੰ ਚਾਹ ਪਾਣੀ ਛਕਾਇਆ ਜਾ ਰਿਹਾ ਸੀ ਜਿਵੇਂ ਸਾਰੇ ਇੱਕੋ ਹੀ ਪਿੰਡੋ ਆਏ ਹੋਣ l ਉਥੇ ਹਰ ਜਾਤ ,ਹਰ ਧਰਮ , ਹਰ ਪਾਸੇ ਦੇ ਲੋਕ ਦਿਸਦੇ ਸਨ l ਪਰ ਕਿਸੇ ਚ ਕੋਈ ਵਿਤਕਰਾ ਨਜ਼ਰ ਨਹੀਂ ਆ ਰਿਹਾ ਸੀ l ਮੈਂ ਚਾਹ ਦੀ ਕੇਤਲੀ ਫੜਕੇ ਭੱਜ - ਭੱਜ

ਚਾਹ ਵਰਤਾ ਰਿਹਾ ਸੀ । ਭੱਜ ਦੋੜ ਵਿੱਚ ਮੇਰੇ ਕੋਟ ਦੀ ਜੇਬ ਵਿੱਚੋਂ ਸੋ ਦਾ ਨੋਟ ਡਿੱਗ ਪਿਆ । ਮੇਰੇ ਪਿੱਛੇ ਗਲਾਸ ਫੜੀ ਇੱਕ ਬੰਦਾ ਖੜਾ ਸੀ । ਉਸ ਨੇ ਪੈਸੇ ਚੁੱਕ ਕੇ ਮੇਰੀ ਬਾਂਹ ਫੜਕੇ ਕਿਹਾ ਸਰਦਾਰ ਜੀ ਨੀਚੇ ਆਪਕੇ ਪੈਸੇ ਗਿਰ ਗਏ ਥੇ । ਮੈਂ ਸ਼ੁਕਰੀਆ ਕਹਿਦੇ ਹੋਏ ਜਦੋਂ ਪਿਛੇ ਦੇਖਿਆ ਤੇ ਉਹ ਇੱਕ ਮੁਸਲਮਾਨ ਸੀ । ਉਹ ਪੈਸੇ ਫੜਾ ਕੇ ਚਾਹ ਪਵਾ ਕੇ ਸਾਡੇ ਨਾਲ ਵਾਲੇ ਤੰਬੂ ਕੋਲ ਚਲਾ ਗਿਆ । ਮੇਰਾ ਦੇਖਕੇ ਮਨ ਭਰ ਆਇਆ ਕਿ ਅੱਜ ਲੜਾਈ ਵਿੱਚ ਸਾਰੇ ਅਸੀਂ ਇੱਕ ਹਾਂ ਤੇ ਇੱਕ ਦੂਜਿਆਂ ਲਈ ਇਮਾਨਦਾਰੀ ਵੀ ਐਨੀ ਤੇ ਕੱਠਿਆਂ ਵਿੱਚ ਪਿਆਰ ਵੀ ਐਨਾ , ਦੂਜੇ ਪਾਸੇ ਮੇਂ ਦੇਖਿਆ ਪਿੰਡਾਂ ਵਿੱਚੋਂ ਖੋਆ ਪਿੰਨੀਆ ,ਬਾਲਣ , ਰਜਾਈਆਂ ਪਤਾ ਨਹੀਂ ਕੀ - ਕੀ ਆ ਰਿਹਾ ਸੀ । ਇਹ ਸਭ ਨੂੰ ਵੰਡਿਆ ਜਾ ਰਿਹਾ ਸੀ ਕਿਸੇ ਦਾ ਧਰਮ ਜਾਂ ਜਾਤ ਦੇਖਕੇ ਨਹੀ । ਸਭ ਦਾ ਪਿਆਰ ਤੇ ਕੱਠ ਦੇਖਕੇ ਮੈ ਇਹੋ ਸੋਚ ਰਿਹਾ ਸੀ । ਇਸ ਬਾਡਰ ਤੇ ਸਭ ਧਰਮਾਂ , ਸਭ ਜ਼ਾਤਾਂ ,ਸਭ ਪਾਸੇ ਦੇ ਲੋਕ ਇੱਕਠੇ ਨੇ ਤੇ ਸਾਡੇ ਵਿੱਚ ਐਨਾ ਪਿਆਰ ਹੈ ਕਿਉਂ ? ਤੇ ਦੂਜੇ ਪਾਸੇ ਲਾਇਨਾਂ ਖਿੱਚਕੇ ਜਿਹੜੇ ਬਾਡਰ ਸਰਕਾਰ ਨੇ ਬਣਾਏ ਨੇ ਤੇ ਉਥੇ ਡਿਊਟੀਆਂ ਤੇ ਸਿਪਾਹੀਆਂ ਨੂੰ ਖੜਾ ਕਰ ਦਿੱਤਾ ਇੱਕ ਦੂਜੇ ਖ਼ਿਲਾਫ਼ ਈਰਖਾ ਭਰਕੇ ਤੇ ਇੱਕ ਦੂਜੇ ਨੂੰ ਗੋਲੀਆਂ ਮਾਰਨ ਲਈ ਮਜਬੂਰ ਕਰ ਦਿੱਤਾ । ਕਿ ਸਰਹੱਦ ਤੋਂ ਪਾਰ ਦੇ ਲੋਕ ਸਾਡੇ ਇਥੇ ਤੇ ਅਸੀਂ ਸਰੱਹਦ ਤੋਂ ਪਾਰ ਨਹੀਂ ਜਾਂਦੇ ,ਹਾਂ ਜਾਂਦੇ ਹਾਂ ਉਦੋਂ ਅਸੀਂ ਜਾ ਉਹ ਗੋਲੀਆਂ ਕਿਉਂ ਨਹੀਂ ਚਲਾਉਂਦੇ ,ਬਾਡਰਾਂ ਤੇ ਹੀ ਕਿਉਂ ਆਰ -ਪਾਰ ਗੋਲੀਆਂ ਬੰਬ ਚਲਦੇ ਹਨ । ਕਿਉਂ ਕਿ ਏਥੇ ਸਿਆਸਤ ਦਾ ਰਾਜ ਹੈ ਇਸ ਕਰਕੇ ,ਏਥੇ ਬਾਡਰਾਂ ਤੇ ਇਹਨਾਂ ਨੇ ਆਪਣੇ ਗੁੰਡੇ ਆਤੰਕਵਾਦੀ ਛੱਡੇ ਹੋਏ ਨੇ ਜੋ ਸਾਡੇ ਦੋਨਾਂ ਦੇਸਾ ਦੇ ਸਿਪਾਹੀਆਂ ਤੇ ਫਾਇਰਿੰਗ ਕਰਕੇ ਸਾਡਾ ਮਹੋਲ ਖਰਾਬ ਕਰਦੇ ਨੇ। ਸਿਆਸਤ ਦੇ ਇਹਨਾਂ ਲੀਡਰਾਂ ਨੇ ਰਾਜ ਕਰਨ ਲਈ ਸਾਨੂੰ ਆਪਸ ਵਿੱਚ ਧਰਮਾਂ ਦੇ ਵਿਰੁੱਧ ਲੜਾਕੇ ਵੱਖ ਕਰ ਦਿੱਤਾ ਹੈ । ਸਿਆਲਾਂ ਵਿੱਚ ਪਾਕਿਸਤਾਨ ਤੋਂ ਹਰ ਸਾਲ ਲੱਖਾਂ ਲੋਕ ਆਕੇ ਏਥੇ ਕੱਪੜਿਆਂ ਦਾ ਵਪਾਰ ਕਰਦੇ ਨੇ ਅਸੀਂ ਉਹਨਾਂ ਨੂੰ ਆਪਣਿਆਂ

ਘਰਾਂ ਵਿੱਚ ਜਗਾ ਵੀ ਦਿੰਦੇ ਹਾਂ ਰਹਿਣ ਲਈ ਤੇ ਉਹ ਵੀ ਸਾਡੇ ਨਾਲ ਪਰਿਵਾਰ ਵਾਂਗੂੰ ਰਹਿੰਦੇ ਨੇ ਤੇ ਕਈ ਲੋਕਾਂ ਨੂੰ ਮੈਂ ਇੱਕਠਿਆਂ ਰੋਟੀ ਖਾਂਦਿਆਂ ਵੀ ਵੇਖਿਆਂ ਹੈ। ਕਿ ਇਹ ਪਿਆਰ ਸਾਡੇ ਵਿੱਚ ਸਿਰਫ ਪੈਸਿਆਂ ਲਈ ਹੁੰਦਾ ਹੈ ਵੀ ਉਹ ਸਾਡੇ ਕੋਲ ਕਿਰਾਏ ਤੇ ਰਹਿ ਰਹੇ ਨੇ ਤੇ ਅਸੀਂ ਇਹਨਾਂ ਤੋਂ ਬਸ ਕਿਰਾਇਆ ਲੈਣਾ ਹੈ ,ਨਹੀਂ ਕਿਤੇ ਨਾ ਕਿਤੇ ਇਹ ਪਿਆਰ ਵੀ ਹੈ ਜੋ ਇਨਸਾਨੀਅਤ ਵਿੱਚ ਦੇਖਿਆ ਜਾਂਦਾ ਹੈ ।

ਏਸੇ ਤਰਾਂ ਅਸੀਂ ਘਰਾਂ ਵਿੱਚ ਵੀ ਅਲੱਗ-ਅਲੱਗ ਧਰਮਾਂ ਦੇ ਲੋਕਾਂ ਨੂੰ ਰਹਿਣ ਲਈ ਜਗਾ ਦਿੰਨੇ ਹਾਂ ਤੇ ਪਰਿਵਾਰ ਵਾਂਗੂੰ ਰਹਿਨੇ ਆ ਜਾ ਬਿਜ਼ਨਸ ਵੀ ਇੱਕਠਿਆਂ ਕਰਦੇ ਹੈ , ਉਸ ਵੇਲੇ ਸਾਡੇ ਹੱਥਾਂ ਵਿੱਚ ਹਥਿਆਰ ਕਿਉਂ ਨਹੀਂ ਹੁੰਦੇ , ਕਿਉਂ ਕਿ ਉਦੋਂ ਅਸੀਂ ਇੱਕ ਦੂਜੇ ਨੂੰ ਇਨਸਾਨੀਅਤ ਦੀ ਨਜ਼ਰ ਨਾਲ ਦੇਖਦੇ ਹਾਂ । ਗੱਲ ਬਸ ਐਨੀ ਹੈ ਜੇ ਅਸੀਂ ਅਲੱਗ - ਅਲੱਗ ਧਰਮਾਂ ਦੇ ਲੋਕਾਂ ਨਾਲ ਘਰਾਂ ਵਿੱਚ ਇੱਕਠੇ ਰਹਿ ਸਕਦੇ ਹਾਂ ਤੇ ਅਸੀਂ ਇਸ ਦੁਨੀਆਂ ਵਿੱਚ ਇੱਕ ਦੇਸ਼ ਬਣਾ ਕੇ ਇਕੱਠੇ ਕਿਉਂ ਨਹੀਂ ਰਹਿ ਸਕਦੇ । ਕਿਉਂਕਿ ਏਥੇ ਸਾਨੂੰ ਇਕੱਠਿਆਂ ਰਹਿਣ ਨਹੀਂ ਦਿੱਤਾ ਜਾਂਦਾ ।

ਦਿੱਲੀਏ ਦਰਿਆ ਲਹੂ ਦੇ ਰੋੜ੍ਹੇਗੀ ਤੈਨੂੰ ਚਾਅ ਨਹੀਂ ਆਉਂਦੇ ਰਾਸ ਸਾਡੇ ।

ਤੂੰ ਫੇਰ ਬੇਕਸੂਰ ਜੇਲਾਂ ਵਿੱਚ ਡੱਕੇਗੀ ਤੇ ਤਨ ਤੋਂ ਛਿਲੇਗੀ ਮਾਸ ਸਾਡੇ ।

ਆਪਣੇ ਹੱਕਾਂ ਵਾਸਤੇ ਲੜਦਿਆਂ ਦੇ ਧਰਨਿਆ ਵਿੱਚ ਹੋਗੇ ਵਾਸ ਸਾਡੇ ।

ਅਸੀਂ ਪੁੱਤ ਉਹਨਾਂ ਦੇ ਦਿੱਲੀਏ ਹਾ ਜੋ ਤੂੰ ਪਹਿਲਾਂ ਦਿੱਲੀ ਵਿਚ ਸਾੜੇ ਸੀ

ਅਸੀ ਅੱਜ ਵੀ ਉਹੀ ਮੈਦਾਨ ਚ ਹਾਂ ਜਿੱਥੇ 84 ਵਿੱਚ ਸੱਜੇ ਅਖਾੜੇ ਸੀ......

ਹਰ ਵਾਰੀ ਨਿੱਤ ਨਵੀਆਂ ਚਾਲਾਂ ਚੱਲਦੀ ਨੇ ਆਣ ਮੁੱਦੇ ਸਾਡੇ ਤੇ ਕੱਸੇ ਤੂੰ
ਕਦੇ ਟਾਇਰ ਗਲਾਂ ਵਿੱਚ ਫੂਕੇ ਕਦੇ ਗਲਾਂ ਵਿੱਚ ਪਾਏ ਫਾਂਸੀ ਦੇ ਰੱਸੇ ਤੂੰ
ਆਪਣੀਆ ਰਾਜਨੀਆ ਖੇਡਣ ਲਈ ਨੀ ਝੱਟ ਅੱਤਵਾਦੀ ਸਾਨੂੰ ਦੱਸੇ ਤੂੰ
ਅਸੀ ਹੁਣ ਵੀ ਐਵੈ ਡੋਲਾਗੇ ਜਿਉ ਲਹੂ ਦਾਦੇ ਹੋਰਾਂ ਦੇ ਗਾੜੇ ਸੀ
ਅਸੀ ਅੱਜ ਵੀ ਉਹੀ ਮੈਦਾਨ ਚ ਹਾਂ ਜਿੱਥੇ 84 ਵਿੱਚ ਸੱਜੇ ਅਖਾੜੇ ਸੀ......

ਜਿੰਨੇ ਵਾਰੀ ਜੰਗਾਂ ਹੋਣਗੀਆ ਸੂਰਮਿਆਂ ਦਾ ਨਾਮ ਕਿਤਾਬਾਂ ਤੇ ਛਪਣਾ ਏ
ਜੇ ਇਲਜ਼ਾਮ ਲਾਉਣ ਲਈ ਬੋਲੇਗਾ ਤੂੰ ਇਹਨਾਂ ਨੇ ਸੰਘਾ ਤੇਰਾ ਨੱਪਣਾ ਏ
ਸਾਨੂੰ ਕਿਵੇਂ ਹਰਾਦੂ ਤਾਨਾਸ਼ਾਹੀ ਰਾਜ ਤੇਰਾ ਇਹਨਾਂ ਜਿੱਤ ਦਾ ਠੱਪਾ ਠੱਪਣਾ ਏ
ਸਾਡੇ ਹੌਂਸਲੇ ਪਹਿਲਾਂ ਵਰਗੇ ਉਹੀ ਨੇ ਜਿਹਨਾਂ ਤੇਰੇ ਤਖ਼ਤ ਉਜਾੜੇ ਸੀ
ਅਸੀ ਅੱਜ ਵੀ ਉਹੀ ਮੈਦਾਨ ਚ ਹਾਂ ਜਿੱਥੇ 84 ਵਿੱਚ ਸੱਜੇ ਅਖਾੜੇ ਸੀ......

ਮੈਂ ਇਸ ਕਹਾਣੀ ਰਾਹੀਂ ਸਭ ਨੂੰ ਇੱਕ ਦੂਜੇ ਨਾਲ ਪਿਆਰ ਨਾਲ ਰਹਿਣ ਲਈ ਪ੍ਰੇਰਿਤ ਕਰਨਾ ਚਾਹੁੰਦਾ ਹਾਂ । ਜੇ ਦੇਖਿਆ ਜਾਵੇ ਅੱਜ ਦੇ ਟਾਇਮ ਵਿੱਚ ਸਾਨੂੰ ਇੱਕ ਹੋ ਕੇ ਰਹਿਣ ਦੀ ਲੋੜ ਹੈ । ਸਿਆਸਤ ਦੇ ਇਹਨਾਂ ਰਾਜਿਆਂ ਨੇ ਸਾਡੇ ਵਿੱਚ ਇੱਕ ਦੂਜੇ ਖ਼ਿਲਾਫ਼ ਐਨੀ ਨਫ਼ਰਤ ਭਰ ਦਿੱਤੀ ਹੈ ਕਿ ਅਸੀਂ ਆਪਣੀ ਇਨਸਾਨੀਅਤ ਨੂੰ ਗਵਾ ਬੈਠੇ ਹਾਂ । ਜੇ ਐਵੇਂ ਅਸੀਂ ਇੱਕ ਦੂਜੇ ਤੋਂ ਨਫ਼ਰਤ ਕਰਦੇ ਰਹੇ ਤਾਂ ਇਸ ਲੜਾਈ ਦੀ ਸੁਰਵਾਤ ਨੂੰ ਕੋਈ ਨਹੀਂ ਰੋਕ ਸਕਦਾ ਜੋ ਅੱਜ ਸ਼ੁਰੂ ਹੋ

ਚੁੱਕੀ ਹੈ। ਇਹ ਲੜਾਈ ਸਾਡੀਆਂ ਅਗਲੀਆਂ ਪੀੜੀਆਂ ਤੱਕ ਫੇਰ ਉਥੇ ਤੱਕ ਪਹੁੰਚ ਜਾਵੇਗੀ। ਜਿਵੇਂ ਪਹਿਲਾਂ ਭਾਰਤ ਤੇ ਪਾਕਿਸਤਾਨ , ਪੰਜਾਬ ਤੇ ਹਰਿਆਣਾ ਬਣਾਕੇ ਵੰਡਿਆ ਗਿਆ ਹੈ। ਤੇ ਅੱਗੇ ਹੁਣ ਇਹਨਾਂ ਦੇ ਟੁਕੜੇ ਵੀ ਹੋਣਗੇ ਜੇ ਅਸੀਂ ਇੱਕ ਨਾ ਹੋ ਕੇ ਰਹੇ ਤਾਂ। ਤੇ ਇਹ ਟੁਕੜਿਆ ਦੀ ਲੜਾਈ ਕਿਸੇ ਟੈਮ ਫੇਰ ਸਾਡੀਆਂ ਅਗਲੀਆਂ ਪੀੜੀਆਂ ਲਈ 1947 ਦੀ ਵੰਡ ਤਰਾਂ ਬਣ ਜਾਵੇਗੀ।

ਆਪਣੇ ਹੱਕਾ ਲਈ ਅਸੀਂ ਲੜਾਗੇ ਤਾਂ ਜ਼ਰੂਰ ਜਦੋਂ ਤੱਕ ਲੜਨਾ ਪਿਆ ਪਰ ਇਹ ਸਰਕਾਰਾਂ ਕਦੋਂ ਸਾਡੇ ਬਾਰੇ ਸੋਚਣ ਗੀਆ। ਇਹਨਾ ਦਾ ਸਾਡੇ ਪ੍ਰਤੀ ਕੋਈ ਹੱਕ ਨਹੀਂ ਬਣਦਾ , ਇਹ ਸਾਡੇ ਬਾਰੇ ਚੰਗਾ ਸੋਚਣ , ਸ਼ਾਨੂੰ ਚੰਗੀ ਸਿੱਖਿਆ , ਸਿਹਤ , ਸਾਡੀ ਬੇਰੁਜ਼ਗਾਰੀ ਲਈ ਸਾਡੇ ਬਾਰੇ ਸੋਚਣ। ਦੇਸ਼ ਚਲਾਉਣ ਲਈ ਲੋਕਾਂ ਦੁਆਰਾ ਇੱਕ ਚੰਗਾ ਮੰਤਰੀ ਚੁਣਿਆ ਜਾਂਦਾ ਹੈ। ਪਰ ਇਹ ਸਾਡੇ ਦੁਆਰਾ ਚੁਣੇ ਗਏ ਮੰਤਰੀ ਸਾਨੂੰ ਗੁਲਾਮ ਬਣਾਕੇ ਸਾਡੇ ਤੇ ਰਾਜ ਕਰਨਾ ਚਾਹੁੰਦੇ ਹਨ। ਆਪਣੇ ਰਾਜ ਲਈ ਇਹ ਸਾਡੇ ਦੇਸ ਵਿੱਚ ਵੰਡੀਆਂ ਪਾਉਂਦੇ ਹਨ। ਸਾਨੂੰ ਆਪਸ ਵਿੱਚ ਲੜਾਉਣ ਲਈ ਜਾਤਾ ਪਾਤਾ ਦਾ ਮੁੱਦਾ ਇਸ ਤਰਾਂ ਬਣਾ ਲੈਂਦੇ ਹਨ। ਕਿ ਦੂਸਰਾ ਦੇਸ਼ ਸਾਡੀ ਸਰਹੱਦੋਂ ਪਾਰ ਹੈ। ਇਹ ਸਾਡੇ ਆਮ ਲੋਕਾਂ ਵਿੱਚ ਇਸ ਤਰਾਂ ਵਿੱਚਰਦੇ ਹਨ। ਕਾਂ ਸਾਡੇ ਦੇਸ ਨੇ ਸਰਹੱਦੋ ਪਾਰ ਨਾ ਮਦਦ ਲੈਣੀ ਹੈ ਨਾ ਮਦਦ ਦੇਣੀ ਹੈ। ਪਰ ਆਪ ਇਹ ਅੰਦਰੋਂ ਅੰਦਰੀ ਕਰੋੜਾਂ ਅਰਬਾਂ ਰੁਪਇਆ ਦੇ ਨਸਿਆ ਦੇ ਵਪਾਰ ਵੀ ਕਰ ਲੈਂਦੇ ਨੇ। ਪਰ ਆਮ ਜਨਤਾ ਨੂੰ ਇਹ ਪਾਗਲ ਬਣਾਈ ਰੱਖਦੇ ਨੇ।

ਇੱਕ ਇਹਨਾਂ ਦਾ ਮੀਡੀਆ ਵੀ ਸਾਰਾ ਦਿਨ ਇੱਕ ਦੂਜੇ ਦੇਸ਼ਾਂ ਤੇ ਗੱਲ ਲਾਕੇ ਵਖਾਉਦਾ ਰਹਿੰਦਾ ਹੈ। ਸਰਹੱਦਾ ਸਾਡੇ ਦੇਸ਼ ਦੇ ਨੋਜਵਾਨ ਨੂੰ ਸ਼ਹੀਦ ਕਰਵਾਕੇ ਵੀ ਇਹ ਮੰਤਰੀ ਸਾਡੇ ਵਿੱਚ ਈਰਖਾ ਦਾ ਮਹੋਲ ਪੈਦਾ ਕਰਦੇ ਨੇ।

ਸਾਨੂੰ ਹਰ ਵਾਰੀ ਆਪਣੇ ਹੱਕ ਲੈਣ ਲਈ ਧਰਨਿਆ ਤੇ ਬੈਠਣਾ ਪਵੇਗਾ ਤੇ ਕਿ ਅਸੀਂ ਐਵੇਂ ਹੀ ਧਰਨਿਆ ਤੇ ਬੈਠਾਂਗੇ ਕਿ ਜਿਵੇਂ ਸਾਡੇ ਬਾਪੂ ਹੋਰੀ ਤੇ ਅਸੀਂ ਧਰਨਿਆ ਤੇ ਬੈਠਦੇ ਹਾਂ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਐਵੇਂ ਧਰਨਿਆ ਤੇ ਬੈਠਣਗੀਆਂ ? ਸਾਨੂੰ ਸਾਡਾ ਆਪਣਾ ਕੋਈ ਅਧਿਕਾਰ ਨਹੀਂ । ਪਹਿਲਾਂ ਸਾਨੂੰ ਧਰਨਿਆ ਲਈ ਮਜਬੂਰ ਕਰਦੀਆਂ ਨੇ ਸਰਕਾਰਾਂ ਫੇਰ ਸਾਡੇ ਤੇ ਹਮਲੇ ਵੀ ਕਰਵਾਉਂਦੀਆਂ ਨੇ ਤੇ ਬਾਅਦ ਵਿੱਚ ਸਾਡੀਆਂ ਲਾਸ਼ਾਂ ਖਰੀਦ ਲੈਂਦੀਆਂ ਨੇ ਵੀਹ ਵੀਹ ਲੱਖ ਦਾ ਐਲਾਨ ਕਰਕੇ ਖਰੀਦ ਲੈਂਦੀਆਂ ਨੇ ਕਿ ਅਸੀਂ ਆਪਣੇ ਹੱਕ ਲਈ ਐਵੇਂ ਹੀ ਮਰਾਂਗੇ ਪਰ ਕਦੋਂ ਤੱਕ ?

ਰੋਨੀ ਰਨਵੀਰ



ਪੜ੍ਹਨ ਲਈ ਸਭ ਦਾ ਦਿਲੋਂ ਧੰਨਵਾਦ ਤੁਸੀਂ ਇਸ ਨੰਬਰਾਂ ਤੇ ਕਾਲ ਜਾਂ ਮਸੈਜ ਕਰਕੇ ਵੀ ਦੱਸ ਸਕਦੇ ਹੋ ਰਚਨਾ ਕਿਵੇਂ ਲੱਗੀ।


ਕਾੱਲ 7889079971

WhatsApp no..9569133888

ਇਨਸਟਾ - ronni_ranveer

Sc - RONNI RANVEER

ਤਹਿਸੀਲ , ਜ਼ਿਲ੍ਹਾ - ਪਟਿਆਲਾ

ਡਾਕਖਾਨਾ - ਸਮਾਣਾ

## ਮੇਰੀਆਂ ਵੱਲੋਂ ਲਿਖੀਆਂ ਹੋਰ ਕਹਾਣੀਆਂ ਤੇ ਕਿਤਾਬਾਂ

- ਸੱਚ ਦਾ ਤੁਫਾਨ
- ਸਫ਼ਰ ਦੀਆਂ ਗੱਲਾਂ
- ਦਾਦੀ ਦੀ ਬਾਤ
- ਔਰਤ ਦੀ ਇੱਜ਼ਤ
- ਰਾਣੋਂ ਦੀ ਰੱਖੜੀ
- ਰੀਝਾਂ ਸੁਫ਼ਨੇ
- ਫਾਰਮਰ
- ਵਾਰਤਾਲਾਪ ( ਹਾਰਡ ਕਾਪੀ )

ਨੋਟ : ਮੇਰੀਆਂ ਪਹਿਲੀਆਂ ਲਿਖਤਾਂ ਵਿੱਚ ਮੇਰਾ ਨਾਮ ਸੁੱਖ ਸਿੰਘ ਮੱਟ ਸੀ । ਪਰ ਮੈਨੂੰ ਮੇਰੇ ਆਉਣ ਵਾਲੇ ਗੀਤਾਂ ਕਰਕੇ ਕਹਾਣੀ ਲਿਖਤਾਂ ਵਿੱਚ ਵੀ ਹੁਣ ਆਪਣਾ ਨਾਮ ਰੋਨੀ ਰਨਵੀਰ ਪਾਉਣਾ ਪਿਆ ਹੁਣ ਅੱਗੇ ਤੋਂ ਮੇਰੀਆ ਸਾਰੀਆਂ ਲਿਖਤਾਂ ਵਿੱਚ ਮੇਰਾ ਨਾਮ ਰੋਨੀ ਰਨਵੀਰ ਹੀ ਹੋਵੇਗਾ ।

ਸਮਾਪਤ